3

(3) Que:- (1)

Section - C

DATE / / PAGE

NOTEBOOK

## ਪੰਜਾਬੀ ਸਭਿਆਚਾਰ ਅਤੇ ਕਬੀਲੇ

ਭਾਰਤ ਇਕ ਵਿਸ਼ਾਲ ਦੇਸ਼ ਹੈ। ਜਿਸ ਵਿਚ ਬਹੁਤ ਸਾਰੇ ਕੌਮ ਸਮੂਹ ਵਿਚਰਦੇ ਰਹਿੰਦੇ ਹਨ। ਪੰਜਾਬੀ ਸਭਿਆਚਾਰ ਦੀ ਨਿਵੇਕਲੀ ਅਤੇ ਵਿਲੱਖਣ ਹੋਂਦ ਹੈ। ਪੰਜਾਬੀ ਕਲਚਰ ਵਿਚ ਇਸ ਦੀਆਂ ਭੂਗੋਲਿਕ ਹੱਦਾਂ, ਆਕਾਰ ਅਤੇ ਇਸ ਦੇ ਇਤਿਹਾਸਕ ਪਿਛੋਕੜ ਦਾ / ਵਿਸ਼ੇਸ਼ ਯੋਗਦਾਨ ਹੈ। ਪੰਜਾਬ ਦਾ ਨਾਮਕਰਨ, ਇਸ ਦੇ ਲੋਕਾਂ ਦੀ ਬਣਤਰ, ਪਹਿਰਾਵਾ, ਖਾਣ-ਪੀਣ ਅਤੇ ਉਪਬੋਲੀਆਂ ਦੇ ਹਨ - ਸਭਨੇ ਉੱਨਤ ਸਾਧਨਾਂ ਰਾਹੀਂ ਜੋ ਪੰਜਾਬ ਵਿਲੱਖਣਤਾ ਪ੍ਰਗਟ ਕਰ ਸਕਿਆ ਹੈ। ਪਰ ਇਨ੍ਹਾਂ ਸਾਰੇ ਪੱਖਾਂ ਤੋਂ ਇਲਾਵਾ ਵੀ ਪੰਜਾਬੀ ਸਮਾਜ ਦੇ ਆਪਣੇ ਮੌਲਿਕ ਅਤੇ ਵਿਲੱਖਣ ਲੱਛਣਾਂ ਨੂੰ ਪਹਿਚਾਣਿਆ ਜਾ ਸਕਦਾ ਹੈ। ਇਹ ਵਿਲੱਖਣਤਾ ਇਸ ਦੀ ਸਮਾਜਿਕ ਬਣਤਰ ਨਾਲ ਸੰਬੰਧ ਰੱਖਦੀ ਹੈ,

ਇਕੋ ਵਡੇਰੇ ਦੀ ਸੰਤਾਨ ਹੋਣ ਕਰਕੇ ਕੁਝ ਪੀੜ੍ਹੀਆਂ ਉਪਰੰਤ ਆਪਣੇ ਨਿਵਾਸ ਸਥਾਨ, ਖਾਣ-ਪੀਣ ਅਤੇ ਆਮਦਨ ਪ੍ਰਬੰਧ ਅਲੱਗ ਕਰ ਲੈਂਦੇ ਹਨ ਤਾਂ ਉਹ ਟੱਬਰਦਾਰੀ ਦੇ ਅਸੂਲਾਂ ਤੋਂ ਸਮੇਤ ਇਕ ਕਬੀਲੇ ਦਾ ਰੂਪ ਧਾਰਨ ਕਰ ਲੈਂਦੀ ਹੈ। ਹਰ ਕਬੀਲੇ ਅੰਦਰ ਵੱਖਰੇ ਲੋਕ ਟੱਬਰਦਾਰੀ ਵਾਲੇ ਹੁੰਦੇ ਹਨ। ਸਮਾਜ ਸੰਗਠਨ ਦੇ ਪੱਖ ਤੋਂ ਕਬੀਲਾ ਸਮੁਦਾਇ ਦਾ ਹੀ ਰੂਪ ਹੈ। ਪ੍ਰਾਚੀਨ ਪੰਜਾਬ ਵਿਚ ਕਬੀਲਾ ਸਮਾਜ ਹੀ ਪ੍ਰਧਾਨ ਹੁੰਦਾ ਸੀ। ਵਾਰਿਸ ਸ਼ਾਹ ਦੀ ਹੀਰ ਵਿਚਲੇ ਰਾਂਝੇ, ਸਿਆਲ ਅਤੇ ਖੇੜੇ ਇਸ ਸਮੇਂ ਦੇ ਸਮਾਜ ਦੇ ਪ੍ਰਸਿੱਧ ਕਬੀਲੇ ਸਨ।

ਇਹ ਕਬੀਲਿਆਂ ਦਾ ਸੰਕਲਪ ਜਾਪਦਾ ਤੇ ਪਹਿਲਾਂ ਕਬੀਲਾ ਕੀ ਹੈ? ਜਾਣਨਾ ਵਧੇਰੇ ਜ਼ਰੂਰੀ ਹੈ।

(2)

~~ਕਬੀਲੀ ਸੱਭਿਆਚਾਰ ਕਬੀਲੇ ਦੀ ਪਰਿਭਾਸ਼ਾ ਜਾਣਨ ਤੋਂ ਪਹਿਲਾਂ ਕਬੀਲੇ ਦਾ ਅਰਥ ਸਮਝਣਾ ਉਚਿਤ ਹੋਵੇਗਾ।~~

ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ ਦੇ ਅੰਤਰਗਤ ਕਬੀਲਾ ਸ਼ਬਦ ਦੇ ਸ਼ਬਦਕੋਸ਼ ਅਰਥ ਇਕ ਪਾਸੇ ਦੀ ਔਲਾਦ, ਖ਼ਾਨਦਾਨ, ਕੁਨਬਾ, ਟੱਬਰ ਨਾਲ ਸੰਬੰਧਿਤ ਦੱਸੇ ਗਏ ਹਨ। ਕਬੀਲਾ ਅੰਗਰੇਜ਼ੀ ਸ਼ਬਦ ਟ੍ਰਾਈਬ ਦਾ ਪੰਜਾਬੀ ਅਨੁਵਾਦ ਹੈ। ਟ੍ਰਾਈਬਸ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਟ੍ਰਾਈਬਸ ਤੋਂ ਨਿਕਲਿਆ ਹੈ। ਜਿਸ ਦਾ ਅਰਥ ਇਕ ਤਿਹਾਈ।

## ਪਰਿਭਾਸ਼ਾ :-

ਡਾ. ਧਰਿਆ ਅਨੁਸਾਰ :-

"ਕਬੀਲੇ ਦਾ ਇਕ ਸਾਂਝਾ ਇਲਾਕਾ, ਸਾਂਝੀ ਉਪਭਾਸ਼ਾ, ਸ਼ਾਸਨ ਤੇ ਨਿਆਂ-ਪ੍ਰਬੰਧ ਹੁੰਦਾ ਹੈ ਅਤੇ ਇਸ ਵਿੱਚ ਅੰਤਰਗਤੀ ਵਿਆਹ, ਸਾਂਝੀਆਂ ਰੀਤਾਂ-ਰਸਮਾਂ, ਸਾਂਝੇ ਕਾਰਜ, ਸਾਂਝਾ ਵਿਰਸਾ ਅਤੇ ਸਜ਼ਾਵਾਂ ਦੀ ਸਖ਼ਤੀ ਨਾਲ ਪਾਲਣਾ ਵਰਗੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ।"

ਪੰਜਾਬੀ ਸੱਭਿਆਚਾਰ ਵਿੱਚ ਅਨੇਕਾਂ ਜਾਤੀਆਂ, ਧਰਮਾਂ, ਨਸਲਾਂ ਅਤੇ ਕਬੀਲਿਆਂ ਦਾ ਮਿਸ਼ਰਣ ਮਿਲਦਾ ਹੈ। ਜਿਵੇਂ-ਜਿਵੇਂ ਸੱਭਿਆਚਾਰ ਵਿਕਾਸ ਕਰਦਾ ਹੈ ਤਿਵੇਂ-ਤਿਵੇਂ ਜਾਤਾਂ ਦੇ ਕਬੀਲੇ ਸੱਭਿਆਚਾਰ ~~ਵਿਕਾਸ ਕਰਦਾ~~ ਹੈ ਜਿਵੇਂ ਦੇ

ਵਿੱਚ ਇਕ ਸਿਰ ਤੁਰੇ ਜਾਏ। ਪੰਜਾਬ ਵਿੱਚ ਬਹੁਤ ਸਾਰੇ ਕਬੀਲੇ ਵੱਸਦੇ ਆ ਰਹੇ ਹਨ, ਜਿਨ੍ਹਾਂ ਨੇ ਪੰਜਾਬੀ ਸੱਭਿਆਚਾਰ ਨਾਲ ਅੰਤਰ ਕਿਰਿਆ ਵਿੱਚ ਬਹੁਤ ਕੁਝ ਆਪਣੇ ਅੰਦਰ ਸਮੋ ਲਿਆ ਅਤੇ ਬਹੁਤ ਕੁਝ ਪੰਜਾਬੀ ਸੱਭਿਆਚਾਰ ਨੂੰ ਵੀ ਦਿੱਤਾ ਹੈ।

ਪੰਜਾਬੀ ਸੱਭਿਆਚਾਰ ਵਿੱਚ ਵੱਸ ਰਹੇ ਕਬੀਲੇ :-

ਜਿਵੇਂ ਕਿ ਸਾਂਸੀ, ਬਾਜ਼ੀਗਰ, ਬੰਗੀਆਂ, ਨਾਥ, ਗਾਡੀ ਲੁਹਾਰ, ਡੂਮ, ਕੰਜਰ ਅਤੇ ਮਰਾਸੀ ਆਦਿ ਹਨ। ਸਾਂਸੀ ਕਬੀਲੇ ਦੇ ਲੋਕ ਵੱਡੀ ਗਿਣਤੀ ਵਿੱਚ ਪੂਰਬ ਪੰਜਾਬ ਵਿੱਚ ਵੱਸ ਰਹੇ ਹਨ। ਇਸ ਦੀ ਜ਼ਿਆਦਾ ਅਬਾਦੀ ਗੁਰਦਾਸਪੁਰ, ਸੰਗਰ, ਅੰਮ੍ਰਿਤਸਰ, ਫਿਰੋਜ਼ਪੁਰ ਆਦਿ ਵਿੱਚ ਮਿਲਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਇਹਨਾਂ ਕਬੀਲਿਆਂ ਦਾ ਪਿੰਡਾਂ ਵਿੱਚ ਚੌਂਕ ਤੇ ਚੌਧਰ ਦਾ ਸੰਕੇਤ ਵੀ ਮਿਲਦਾ ਹੈ। ਇਹਨਾਂ ਦਾ ~~ਕੰਮ~~ ਮੁੱਖ ਪੇਸ਼ਾ ਡੰਗਾ-ਚੋਰੀਆਂ ਕਰਨਾ ਸੀ।
ਇਹਨਾਂ ਵਿਚੋਂ ਕੁਝ ਕਬੀਲਿਆਂ ਦਾ ਵਰਣਨ ਇਸ ਪ੍ਰਕਾਰ ਹੈ :-

(i) ਸਾਂਸੀ :- ਸਾਂਸੀ ਕਬੀਲਾ ਪੰਜਾਬ ਵਿੱਚ ਰਹਿਣ ਵਾਲਾ ਇਕ ਪ੍ਰਮੁੱਖ ਕਬੀਲਾ ਹੈ। ਇਹ ਕਬੀਲਾ ਪੰਜਾਬ ਤੋਂ ਬਾਹਰ ਜੈਪੁਰ, ਦਿੱਲੀ, ਰਾਜਸਥਾਨ ਅਤੇ ਭਾਰਤ ਦੇ ਹੋਰ ਵੀ ਸੂਬਿਆਂ ਤੋਂ ਇਲਾਵਾ ਪਾਕਿਸਤਾਨ ਵਿੱਚ ਵੀ ਵੱਸਦਾ ਹੈ। ਪੰਜਾਬੀ ਵਿੱਚ ਇਸਨੂੰ 'ਸਾਂਸੀ' ਰਾਜਸਥਾਨ ਵਿੱਚ 'ਸੈਂਸੀ' ਅਤੇ ਦਿੱਲੀ ਦੇ ਖੇਤਰ ਵਿੱਚ 'ਭਾਤੂ' ਜਾਂ 'ਭਾਤ' ਵੀ ਕਿਹਾ ਜਾਂਦਾ ਹੈ। ਸਾਂਸੀ ਸ਼ਬਦ ਦੀ ਵਿਆਖਿਆ ਕਰਦਿਆਂ ਹੋਇਆ

## ਬੀ. ਐਸ. ਭਾਟੀਆ ਅਨੁਸਾਰ :-

ਸਾਂਸੀ ਸ਼ਬਦ ਸੰਸਕ੍ਰਿਤ ਦੇ ਸ਼ਬਦ ਸਹਾਸ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਸਾਹਸ।

ਸਾਂਸੀ ਕਬੀਲਾ ਲੰਬਾ ਸਮਾਂ ਟਪਰੀਵਾਸ ਜੀਵਨ ਜਿਉਂਦਾ ਹੈ। ਇਸ ਕਰਕੇ ਇਸਨੇ ਸੱਭ ਸੱਭਿਆਚਾਰ ਨਾਲੋਂ ਆਪਣੀ ਇਕ ਦਿੱਖ ਬਣਾ ਕੇ ਰੱਖੀ। ਇਸਦਾ ਮਕਸਦ ਲਈ ਇਸਦੀ ਆਪਣੀ ਇਕ ਵੱਖਰੀ ਗੁਪਤ ਭਾਸ਼ਾ ਵੀ ਹੈ। ਜਿਸਨੂੰ 'ਪਾਰਸੀ' ਦਾ ਨਾਂ ਦਿੱਤਾ ਜਾਂਦਾ ਹੈ। ਇਹ ਕਬੀਲਾ ਆਪਣੇ ਅੰਦਰਲੀ ਸੰਚਾਰ ਲਈ ਇਸਤੇਮਾਲ ਕਰਦਾ ਹੈ। ਇਹ ਭਾਸ਼ਾ ਦੀ ਸ਼ਬਦਾਵਲੀ ਭਾਵੇਂ ਸੀਮਤ ਹੀ ਹੈ, ਪਰ ਸੁਨੇਹਾ ਸੰਚਾਰ ਕਰਨ ਦੇ ਸਮਰੱਥ ਹੈ। ਸਾਂਸੀ ਕਬੀਲਾ ਪੰਜਾਬ ਵਿੱਚ ਬਾਕੀ ਕਬੀਲਿਆਂ ਵਿਚੋਂ ਇਕ ਪ੍ਰਮੁੱਖ ਕਬੀਲਾ ਹੈ। ਜੋ ਲੰਬੇ ਸਮੇਂ ਦੀ ਪ੍ਰਕਿਰਿਆ ਤੋਂ ਬਾਅਦ ਪੰਜਾਬ ਦੇ ਸੱਭਿਆਚਾਰ ਵਿਚ ਸ਼ਾਮਿਲ ਹੋ ਚੁੱਕਾ ਹੈ। ਇਸ ਕਬੀਲੇ ਦੇ ਤਿੰਨ ਪ੍ਰਮੁੱਖ ਵਰਗ ਦਰਸਾਏ ਜਾ ਸਕਦੇ ਹਨ।

(i) ਪਹਿਲੇ ਵਰਗ ਵਿਚ ਕਬੀਲੇ ਦੇ ਉਹ ਲੋਕ ਸ਼ਾਮਿਲ ਕੀਤੇ ਜਾ ਸਕਦੇ ਹਨ ਜੋ ਪੜ੍ਹ-ਲਿਖ ਕੇ ਨੌਕਰੀਆਂ ਪ੍ਰਾਪਤ ਕਰ ਚੁੱਕੇ ਹਨ।

(ii) ਦੂਸਰਾ ਵਰਗ ਕਬੀਲੇ ਨਾਲ ਸੰਬੰਧਿਤ ਅਜਿਹੇ ਲੋਕਾਂ ਦਾ ਬਣਦਾ ਹੈ, ਜੋ ਘੱਟ ਪੜ੍ਹੇ-ਲਿਖੇ ਹੋਣ ਕਰਕੇ ਛੋਟੇ ਰੁਜ਼ਗਾਰਾਂ ਨਾਲ ਜੁੜੇ ਹੋਏ ਹਨ; ਜਿਨ੍ਹਾਂ ਵਿਚ ਭੇਡਾਂ, ਬੱਕਰੀਆਂ ਦਾ ਵਪਾਰ ਕਰਨਾ, ਮੀਟ ਦੀਆਂ ਦੁਕਾਨਾਂ ਚਲਾਉਣਾ ਜਾਂ ਰੇਹੜੀ ਫੜੀ ਲਾਈ ਹੋਰ ਛੋਟੀਆਂ-ਮੋਟੀਆਂ ਨੌਕਰੀਆਂ ਜਾਂ ਕਿੱਤੇ ਪ੍ਰਮੁੱਖ ਹਨ।

(iii) ਤੀਸਰਾ ਵਰਗ ਉਹ ਹੈ, ਜੋ ਅਜੇ ਵੀ ਪੱਛੜਿਆ ਹੋਇਆ ਅਤੇ ਸੀਮਤ ਸਾਧਨਾਂ ਕਰਕੇ ਵਿਦਿਆ ਨਾਲ ਨਹੀਂ

DATE / / PAGE
NOTEBOOK

ਨਾਲ ਨਹੀਂ ਜੁੜ ਸਕਿਆ ਅਤੇ ਜੋ ਪਿਤਾ ਪੁਰਖੀ ਪੇਸ਼ੇ ਛੱਡ ਨੌਕਰੀ ਕਰਦਿਏ, ਖੇਤੀਆਂ ਕਰਨ ਅਤੇ ਸਿਹਤ ਸਰਗਰਮੀ ਕਰਨ ਨਾਲ ਪ੍ਰੋਸਿਆ ਹੋਇਆ ਹੈ।

(2) **ਬੌਰੀਆਂ** :- ਬੌਰੀਆਂ ਕਬੀਲਾ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਵਸਣ ਵਾਲਾ ਕਬੀਲਾ ਹੈ। ਇਹ ਕਬੀਲਾਈ ਜਨ-ਸਮੂਹ ਪੰਜਾਬ ਦੇ ਫਿਰੋਜ਼ਪੁਰ, ਫਰੀਦਕੋਟ, ਮੋਗਾ, ਮੁਕਤਸਰ, ਬਠਿੰਡਾ, ਮਾਨਸਾ ਆਦਿ ਜ਼ਿਲ੍ਹਿਆਂ ਵਿੱਚ ਵਸ ਰਿਹਾ ਹੈ। ਵੱਖ-ਵੱਖ ਲਿਖਤ ਅਤੇ ਮੌਖਿਕ ਸ੍ਰੋਤਾਂ ਤੋਂ ਮਿਲਦੀ ਜਾਣਕਾਰੀ ਅਨੁਸਾਰ ਇਸ ਕਬੀਲੇ ਦਾ ਪਿਛੋਕੜ ਰਾਜਪੂਤਾਂ ਨਾਲ ਜੋੜਿਆ ਜਾਂਦਾ ਹੈ।
ਬੌਰੀਆਂ ਕਬੀਲੇ ਦੇ ਲੋਕਾਂ ਨੇ ਵਰਤਮਾਨ ਸਮੇਂ ਵਿੱਚ ਆਪਣੇ ਪਿਤਾ ਪੁਰਖੀ ਕਸਬਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਪੇਸ਼ੇ ਅਪਣਾ ਲਏ ਹਨ ਅਤੇ ਇਹ ਜ਼ਮੀਨਾਂ ਨੂੰ ਹਿੱਸੇ ਜਾਂ ਠੇਕੇ ਤੇ ਲੈ ਕੇ ਖੇਤੀਬਾੜੀ ਕਰਨ ਲੱਗ ਪਏ ਹਨ। ਇਸ ਤੋਂ ਇਲਾਵਾ ਇਹ ਕਬੀਲੇ ਬੱਕਰੀਆਂ ਚਰਾਉਣ, ਵਾਣ ਵੱਟਣ, ਸਾਂਝ ਦੀ ਸ਼ਾਮਤ ਕਰਨ ਦਾ ਕੰਮ ਵੀ ਕਰਦਾ ਹੈ। ਅਜੋਕੇ ਸਮੇਂ ਵਿੱਚ ਇਸ ਕਬੀਲੇ ਦੇ ਬਹੁਤ ਸਾਰੇ ਲੋਕ ਪੜ੍ਹ-ਲਿਖ ਕੇ ਚੰਗੀਆਂ ਨੌਕਰੀਆਂ ਵੀ ਕਰ ਰਹੇ ਹਨ।
ਸਮਾਜਿਕ ਤੌਰ ਤੇ ਇਸ ਕਬੀਲੇ ਦੀ ਵਰਤਮਾਨ ਸਥਿਤੀ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਦੇਖਿਆ ਜਾ ਸਕਦਾ ਹੈ। ਸਥਾਈ ਅਤੇ ਅਰਧ-ਸਥਾਈ। ਸਥਾਈ ਰੂਪ ਵਿੱਚ ਕਬੀਲੇ ਦੇ ਉਹ ਲੋਕ ਆ ਜਾਂਦੇ ਹਨ, ਜੋ ਪਿੰਡਾਂ ਜਾਂ ਸ਼ਹਿਰਾਂ ਵਿੱਚ ਪੱਕੇ ਤੌਰ ਉੱਪਰ ਬੈਠ ਚੁੱਕੇ ਹਨ ਅਤੇ ਜੋ ਨੌਕਰੀ-ਪੇਸ਼ੇ ਜਾਂ ਕਾਰੋਬਾਰ / ਰੁਜ਼ਗਾਰ ਨਾਲ ਜੁੜੇ ਹੋਏ ਹਨ। ਅਰਧ ਸਥਾਈ ਵਰਗ ਵਿੱਚ ਉਹ ਲੋਕ ਆ ਜਾਂਦੇ ਹਨ, ਜਿਨ੍ਹਾਂ ਨੇ ਆਪਣੇ ਘਰ ਤਾਂ

ਬਦਲਦੇ ਰਹਿੰਦੇ ਹਨ, ਪਰੰਤੂ ਸਾਲ ਵਿਚੋਂ ਦੋ ਮਹੀਨੇ ਆਪਣੇ ਪੱਕਾਂ ਨੂੰ ਛੱਡ ਕੇ ਹਰ ਸਾਲ ਦੇਸ਼ ਦੇ ਕਿਸੇ ਹੋਰ ਹਿੱਸਿਆਂ ਵਿਚ ਖੇਤੀਬਾੜੀ ਆਦਿ ਨਾਲ ਸੰਬੰਧਿਤ ਕਿਰਤ ਮਜ਼ਦੂਰੀ ਦੇ ਕੰਮ ਕਰਨ ਚਲੇ ਜਾਂਦੇ ਹਨ।

(3) **ਬਾਜ਼ੀਗਰ :-** ਬਾਜ਼ੀਗਰ ਕਬੀਲਾ ਪੰਜਾਬ ਵਿੱਚ ਵੱਸਣ ਵਾਲਾ ਇੱਕ ਹੋਰ ਮਹੱਤਵਪੂਰਨ ਕਬੀਲਾ ਹੈ। ਇਸ ਕਬੀਲੇ ਦਾ ਸੰਬੰਧ ਬਾਜ਼ੀਆਂ ਪਾ ਕੇ ਲੋਕ ਮਨੋਰੰਜਨ ਕਰਨ ਦੀ ਕਲਾ ਨਾਲ ਜੁੜਦਾ ਹੈ। ਇਸੇ ਕਰਕੇ ਹੀ ਇਸਨੂੰ ਬਾਜ਼ੀਗਰ ਕਿਹਾ ਜਾਂਦਾ ਹੈ। ਭਾਰਤ ਵਿੱਚ ਰਾਜਪੂਤ ਰਿਆਸਤਾਂ ਦੇ ਖੰਡ੍ਹੇ-ਖੰਡ੍ਹੇ ਹੋ ਜਾਣ ਅਤੇ ਮੁਗਲ ਸਲ੍ਹਤਨਤ ਦੇ ਸਥਾਪਤ ਹੋ ਜਾਣ ਤੇ ਇਹ ਲੋਕ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਹਿਜਰਤ ਕਰ ਗਏ। ਬਾਕੀ ਕਬੀਲਿਆਂ ਵਾਂਗ ਇਸ ਕਬੀਲੇ ਦੇ ਅੰਦਰੋਂ ਮਿਲਦੀ ਜਾਣਕਾਰੀ ਅਨੁਸਾਰ ਇਸਦਾ ਪਿਛੋਕੜ ਵੀ ਰਾਜਸਥਾਨ ਦੇ ਚਿਤੌੜਗੜ੍ਹ ਅਤੇ ਮਾਰਵਾੜ ਦੇ ਇਲਾਕੇ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਨੇ ਲੰਬਾ ਸਮਾਂ ਜੰਗਲੀ ਜੀਵਨ ਬਤੀਤ ਕੀਤਾ ਹੈ ਅਤੇ ਪਸ਼ੂ ਪਾਲਣ ਦਾ ਧੰਦਾ ਕਰਨ ਕਰਕੇ ਹੀ ਇਹ ਕਬੀਲਾ ਮਾਸਾਹਾਰੀ ਕਬੀਲਾ ਹੈ। ਇਸ ਕਰਕੇ ਇਨ੍ਹਾਂ ਦੇ ਖਾਣ-ਪੀਣ ਵਿਚ ਮਾਸ ਦਾ ਮਹੱਤਵਪੂਰਨ ਥਾਂ ਹੈ। ਇਸ ਤੋਂ ਇਲਾਵਾ ਇਸ ਕਬੀਲੇ ਵਿਚ ਤਮਾਕੂ ਤੇ ਸ਼ਰਾਬ ਦੀ ਵਰਤੋਂ ਬੜੇ ਸ਼ੌਕ ਨਾਲ ਕੀਤੀ ਜਾਂਦੀ ਹੈ। ਕਬੀਲੇ ਦੀਆਂ ਔਰਤਾਂ ਵੀ ਇਹ ਸ਼ੌਕ ਰੱਖਦੀਆਂ ਹਨ। ਇਸ ਕਬੀਲੇ ਦੇ ਰੁਜ਼ਗਾਰ ਦੇ ਦੋ ਪ੍ਰਮੁੱਖ ਸਾਧਨ ਸਨ: ਪਸ਼ੂ ਪਾਲਣ ਅਤੇ ਬਾਜ਼ੀ ਕਲਾ। ਪਸ਼ੂ ਪਾਲਣ ਦੇ ਨਾਲ-ਨਾਲ ਇਸ ਕਬੀਲੇ ਵਿਚ ਨਿਪੁੰਨ ਹੋਣ ਤੋਂ ਬਾਅਦ ਇਸ ਕਬੀਲੇ ਨੇ ਇਸ ਕਲਾ ਨੂੰ ਕਿੱਤੇ ਦੇ ਤੌਰ ਤੇ ਅਪਣਾ ਲਿਆ। ਕਬੀਲੇ ਦੇ ਮਰਦ ਕਬੀਲੇ ਤੋਂ ਬਾਹਰ ਜਾ ਕੇ ਲੋਕਾਂ

Scanned with OKEN Scanner

ਸਾਰਸ਼ੇ ਇਸ ਕਲਾ ਦੀ ਪੇਸ਼ਕਾਰੀ ਕਰਦੇ ਹਨ ਜਿਸਦੇ ਚਲਦੇ ਅਨਾਜ, ਵਸਤਾਂ, ਕਪੜੇ ਅਤੇ ਧਨ ਪ੍ਰਾਪਤ ਕਰਦੇ ਹਨ। ਇਸ ਕਬੀਲੇ ਦੀਆਂ ਔਰਤਾਂ ਵੀ ਪਿੰਡਾਂ ਵਿੱਚ ਜਾ ਕੇ ਸੁਰਮਾ, ਕਾਂਘਾਂ, ਛੱਲੇ, ਸੂਈਆਂ. ਔਰਤਾਂ ਲਏ ਵਰਤੋਂ ਵਿੱਚ ਆਉਣ ਵਾਲ ਸਮਾਨ ਘਰ-ਘਰ ਜਾ ਕੇ ਵੇਚੀਆਂ ਕਰਦੀ। ਬਾਜ਼ੀਆਂ ਪਾਉਣ ਦੀ ਨਿਪੁੰਨਤਾ ਹਾਸਲ ਕੀਤੀ ਅਤੇ ਇਹੀ ਇਸ ਕਬੀਲੇ ਦੀ ਵੱਖਰੀ ਪਛਾਣ ਬਣ ਗਈ ਹੈ। ਇਸ ਕਬੀਲਾ ਬਾਜ਼ੀਆਂ ਪਾਉਣ ਤੋਂ ਇਲਾਵਾ ਆਮ-ਖਾਸ ਖੇਤਰਾਂ ਵਿੱਚ ਮਿਲੇ ਸਰੋਤਾਂ ਤੋਂ ਕਿੱਲੂ, ਟੋਕਰੀਆਂ, ਤੰਦੂਰ, ਛੱਜਲੇ, ਆਦਿ ਬਣਾਉਣ ਦੇ ਕਸਬ ਨਾਲ ਵੀ ਜੁੜਿਆ ਰਹਿਆ ਹੈ। ਵਰਤਮਾਨ ਸਮੇਂ ਵਿੱਚ ਇਸ ਕਬੀਲੇ ਦੇ ਬਹੁਤ ਲੋਕ ਪੜ੍ਹ-ਲਿਖ ਕੇ ਨੌਕਰੀਆਂ ਕਰਨ ਲੱਗੇ ਹਨ।

(5) **ਮਦਾਰੀ :-** ਪੰਜਾਬੀ ਸੱਭਿਆਚਾਰ ਵਿੱਚ ਮਦਾਰੀ ਕਬੀਲੇ ਦੀ ਇੱਕ ਵਿਲੱਖਣ ਥਾਂ ਹੈ। ਇਸ ਕਬੀਲੇ ਦਾ ਸੰਬੰਧ ਲੋਕ ਕਲਾ ਦੇ ਰੂਪ ਤਮਾਸ਼ੇ ਨਾਲ ਜੁੜਦਾ ਹੈ ਜੋ ਇਸ ਕਬੀਲੇ ਦਾ ਪ੍ਰਮੁੱਖ ਕਿੱਤਾ ਵੀ ਬਣਦਾ ਹੈ।

ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ :-

"ਮਦਾਰੀ ਨੂੰ ਅਖਾੜੇ ਵਿੱਚ ਘੁੰਮ ਕੇ ਤਮਾਸ਼ੇ ਦਿਖਾਉਣ ਵਾਲਾ ਆਖਿਆ ਗਿਆ ਹੈ।"

~~ਇਸ ਕਬੀਲੇ ਦੇ ਲੋਕ ਵੱਖ-ਵੱਖ ਥਾਵਾਂ ਉੱਪਰ ਘੁੰਮ ਫਿਰ ਕੇ ਤਮਾਸ਼ੇ ਕਰਦੇ ਅਤੇ ਰੋਜ਼ੀ ਰੋਟੀ ਕਮਾਉਂਦੇ ਹਨ। ਵਿਭਿੰਨ ਪੰਜਾਬ ਖੇਤੀਬਾੜੀ ਪ੍ਰਧਾਨ ਰਾਜ~~

ਇਸ ਕਬੀਲੇ ਦੇ ਲੋਕ ਵੱਖ-ਵੱਖ ਥਾਵਾਂ ਉੱਪਰ ਘੁੰਮ ਕੇ ਕਮਾਈ ਕਰਦੇ ਹਨ। ਇਸ ਉਪਰੰਤ ਇਹ ਮੁੜ ਆਪਣੇ ਪੱਕੇ ਰਿਹਾਇਸ਼ੀ ਘਰਾਂ ਵਿੱਚ ਪਰਤ ਜਾਂਦੇ ਹਨ। ਪੰਜਾਬ ਵਿੱਚ ਲੁਧਿਆਣਾ ਇਸ ਕਬੀਲੇ ਦੇ ਇੱਕ ਕੇਂਦਰ ਦੀ ਥਾਂ ਵੀ ਉੱਭਰਿਆ ਹੈ, ਜਿੱਥੇ ਸਮਰਾਲਾ ਰੋਡ ਵਿਖੇ ਆਰਾਂ ਦੀ ਗਿਣਤੀ ਵਿੱਚ ਇਸ ਕਬੀਲੇ ਦੇ ਲੋਕ ~~ਜੋ ਤਮਾਸ਼ੇ ਕਰਕੇ~~ ~~ਰਨ~~ ਸਥਾਈ ਘਰ ਬਣਾ ਕੇ ਰਹਿ ਰਹੇ ਹਨ। ਇਸ ਕਬੀਲੇ ਦੇ ਸਿਰਫ਼ ਮਰਦ ਲੋਕ ਹੀ ਤਮਾਸ਼ੇ ਕਰਦੇ ਹਨ, ਜਦੋਂ ਕਿ ਔਰਤਾਂ ਘਰ ਦੇ ਕੰਮ ਕਾਰ ਕਰਨ ਤੱਕ ਹੀ ਸੀਮਤ ਰਹਿੰਦੀਆਂ ਹਨ, ਛੋਟੇ ਬੱਚੇ ਲੜਕੇ ਜਾਂ ਲੜਕੀਆਂ ਵੀ ਇਹ ਤਮਾਸ਼ੇ ਵਿੱਚ ਜਮੂਰੇ ਦੇ ਰੂਪ ਵਿੱਚ ਵਰਤ ਲੈਂਦੇ ਹਨ।

(5) <u>ਸਿਕਲੀਗਰ ਕਬੀਲਾ</u> :- ਟੱਪਰੀਵਾਸ ਕਬੀਲਿਆਂ ਦੀ ਸੂਚੀ ਵਿੱਚ ਸਿਕਲੀਗਰ ਕਬੀਲੇ ਦਾ ਪ੍ਰਮੁੱਖ ਸਥਾਨ ਹੈ। ਇਹ ਕਬੀਲੇ ਪੰਜਾਬ ਵਿੱਚ ਹੀ ਮਿਲ ਜਾਂਦਾ ਹੈ। ਇਸ ਕਬੀਲੇ ਦੇ ਪਿਛੋਕੜ ਸੰਬੰਧੀ ਕੋਈ ਇਤਿਹਾਸਕ ਪ੍ਰਮਾਣ ਨਹੀਂ ਮਿਲਦੇ, ਜਦੋਂ ਕਿ ਇਸ ਕਬੀਲੇ ਸੰਬੰਧੀ ਪ੍ਰਾਪਤ ਲੋਕ ਕਥਾਵਾਂ ਤੋਂ ਇਸ ਕਬੀਲੇ ਦਾ ਇਤਿਹਾਸਕ ਪਿਛੋਕੜ ਨਿਰਧਾਰਤ ਕੀਤਾ ਜਾ ਸਕਦਾ ਹੈ।

ਇਹ ਮਾਰਵਾੜੀ ਲੁਹਾਰ ਕਿਹਾ ਸਮਾਂ ਪੰਜਾਬ ਦੀਆਂ ਭੂਗੋਲਿਕ ਸਥਿਤੀਆਂ ਵਿੱਚ ਰਹੇ, ਜਦੋਂ ਇਹ ਆਪਣੇ ਮੂਲ ਖੇਤਰ ਵਿੱਚ ਵਾਪਸ ਆ ਪਰਤੇ ਤਾਂ ਇਹਨਾਂ ਦੇ ਕੁਝ ਭਾਗ ਵਿੱਚੋਂ ਰੁਕ ਇੱਥੇ ਗਿਆ। ਇਸ ਤਰ੍ਹਾਂ ਇਹ ਮਾਰਵਾੜੀ ਲੁਹਾਰ ਛੋਟੇ-ਛੋਟੇ ਗਹਿਣਿਆਂ ਜਾਂ ਸਿਆਸਤੋਂ ਨਾਲ ਜੁੜ ਕੇ ਰੁਜ਼ਗਾਰ ਦੀ ਸਿਰਜਣਾ ਕਰਨ ਲੱਗਾ ਅਤੇ ਪੇਟ ਭਰ ਕੇ ਆਪਣੀ ਰੋਜ਼ੀ ਰੋਟੀ ਦੀ ਨਿਰਵਾਹ ਕਰਨ ਲੱਗੇ।

ਇਹ ਕਬੀਲੇ ਪ੍ਰਮੁੱਖ ਤੌਰ ਤੇ 13 ਗੋਤਾਂ ਵਿੱਚ ਵੰਡਿਆਂ ਗਇਆ ਹੈ, ਜੋ ਅੱਗੇ ਕਈ ਉਪ ਗੋਤਾਂ ਨਾਲ ਸੰਬੰਧਿਤ ਹਨ।

Scanned with OKEN Scanner

ਪ੍ਰੋ. ਕਿਰਪਾਲ ਕਜ਼ਾਕ ਅਨੁਸਾਰ ਇਸ ਦੀਆਂ ਹੇਠ ਲਿਖੀਆਂ 13 ਗੋਤਾਂ ਹਨ :-

1. ਪਟਵਾ 2. ਚੀਚੀ 3. ਘਟਾਕੇ 4. ਮਤਲਾਣੇ 5. ਪਿਆਲਾ
6. ਭਾਲੂ 7. ਤਿਲਪੀਠੋਏ 8. ਕਾਂਗੀ 9. ਟਾਂਕ 10. ਸਿਉਂਦੀ
11. ਤੇਤੇ 12. ਸੇਗੀ 13. ਪਤਲੇਕੇ।

ਇਸ ਕਬੀਲੇ ਦੀ ਆਰਥਿਕਤਾ ਇਹਨਾਂ ਦੇ ਪ੍ਰਮੁੱਖ ਕਿੱਤੇ ਸ਼ਸਤਰ ਬਣਾਉਣ ਦੀ ਕਲਾ ਨਾਲ ਜੁੜੀ ਹੋਈ ਹੈ। ਲੁਹਾਰਾ ਇਹ ਵੱਖ-ਵੱਖ ਸ਼ਸਤਰਾਂ ਦਾ ਨਿਰਮਾਣ ਕਰਕੇ ਵੇਚਦੇ ਹਨ। ਜਿਸ ਨਾਲ ਇਹਨਾਂ ਦੀ ਰੋਜ਼ੀ ਰੋਟੀ ਚਲਦੀ ਹੈ। ਇਸ ਤੋਂ ਇਲਾਵਾ ਇਸ ਕਬੀਲੇ ਦੇ ਲੋਕ ਚਿਮਟੀਆਂ, ਚਾਕੂ ਲੋਹਿਆ, ਛੁਰੀਆਂ ਬਣਾਉਣ ਅਤੇ ਚਾਕੂ ਛੁਰੀਆਂ ਜਾਂ ਕੈਂਚੀਆਂ ਆਦਿ ਨੂੰ ਸਾਣ ਤੇ ਲਾਉਣ ਦਾ ਕੰਮ ਵੀ ਕਰਦੇ ਹਨ। ਇਸ ਕਬੀਲੇ ਦੇ ਟਪਰੀਵਾਸ ਲੋਕ ਪਰਾਂਦੇ ਚਰਖਿਆਂ ਵਿੱਚ - ਤੀਲੀਆਂ ਆਦਿ ਨੂੰ ਧੁੱਪੇ ਲਾਉਣ ਅਤੇ ਮੁਰੰਮਤ ਕਰਨ ਦਾ ਕੰਮ ਕਰਨ ਤੋਂ ਇਲਾਵਾ ਟੋਕਰੇ ਅਤੇ ਛਿੱਕੂ ਆਦਿ ਬਣਾਉਣ ਦਾ ਵੀ ਕੰਮ ਕਰਦੇ ਹਨ।

(6) **ਗੱਗੜ ਕਬੀਲਾ** :- ਗੱਗੜ ਕਬੀਲਾ ਪੰਜਾਬ ਦੀ ਧਰਤੀ ਤੋਂ ਇਲਾਵਾ ਭਾਰਤ ਦੇ ਹੋਰ ਉੱਤਰੀ ਜ਼ਿਲ੍ਹਿਆਂ ਜੰਮੂ-ਕਸ਼ਮੀਰ, ਉੱਤਰ-ਪ੍ਰਦੇਸ਼, ਰਾਜਸਥਾਨ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਵਸਣ ਵਾਲਾ ਇੱਕ ਕਬੀਲਾ ਹੈ। ਇਸ ਕਬੀਲੇ ਦੇ ਇਤਿਹਾਸਕ ਪਿਛੋਕੜ ਨਾਲ ਸੰਬੰਧਤ ਕੋਈ ਪ੍ਰਮਾਣਿਕ ਸ੍ਰੋਤ ਨਹੀਂ ਮਿਲਦੇ। ਗੱਗੜ ਕਬੀਲੇ ਦੇ ਲੋਕ ਭਾਰਤ ਅਤੇ ਮਿਥਾਂ ਤੋਂ

ਸਿਲਵੀ ਬਾਦਵਾਰੀ ਅਨੁਸਾਰ ਇਸ ਕਬੀਲੇ ਦਾ ਪਿਛੋਕੜ ਵੀ ਰਾਜਪੂਤਾਂ ਨਾਲ ਜੋੜਿਆ ਗਿਆ ਮਿਲਦਾ ਹੈ। ਰਾਜਸਥਾਨੀ ਗੁੱਜਰ ਦੇ ਲੋਕ ਸਾਹਿਤ ਵਿੱਚ ਮਹਾਰਾਣਾ ਪ੍ਰਤਾਪ ਨੂੰ ਮਹਾਨ ਨਾਇਕ ਵਜੋਂ ਪੇਸ਼ ਕੀਤਾ ਗਿਆ ਮਿਲਦਾ ਹੈ।

ਇਸ ਕਬੀਲੇ ਦੇ ਲੋਕ ਵੱਖ-ਵੱਖ ਸਮੂਹਾਂ ਵਿੱਚ ਪੰਜਾਬ ਦੇ ਵੱਖ-ਵੱਖ ਪੇਂਡੂ ਖੇਤਰਾਂ ਦੇ ਅਸਥਾਈ ਟਿਕਾਣਿਆਂ ਉੱਪਰ ਰਹਿ ਰਹੇ ਹਨ। ਕਿਸੇ ਵੇਲੇ ਇਹਨਾਂ ਦੇ ਬੱਚੇ ਸਕੂਲੀ ਵਿੱਦਿਆ ਨਾਲ ਨਹੀਂ ਜੁੜ ਸਕੇ। ਇਹ ਪਸ਼ੂ ਪਾਲਣ ਦੇ ਪੇਸ਼ੇ ਵਜੋਂ ਪਸ਼ੂਆਂ ਦਾ ਦੁੱਧ ਵੇਚ ਕੇ ਪੇਂਡੂ ਸ਼ਹਿਰਾਂ ਵਿੱਚ ਦੁੱਧ-ਡੇਅਰੀਆਂ ਉੱਪਰ ਵੇਚ ਕੇ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ।

ਪਿਛਲੇ ਤਕਰੀਬਨ ਚਾਲੀ ਸਾਲਾਂ ਵਿੱਚ ਇਹਨਾਂ ਦੇ ਜੀਵਨ ਵਿਹਾਰ ਵਿੱਚ ਕ੍ਰਾਂਤੀਕਾਰੀ ਬਦਲਾਵ ਦੇਖਣ ਨੂੰ ਮਿਲਦੇ ਹਨ। ਸ਼ਹਿਰੀਕਰਨ, ਮਸ਼ੀਨੀਕਰਨ, ਮੰਡੀਕਰਨ ਅਤੇ ਵਿਸ਼ਵੀਕਰਨ ਦੇ ਵਰਤਾਰਿਆਂ ਨੇ ਇਹਨਾਂ ਕਬੀਲਿਆਂ ਦੇ ਸੰਗਠਨ ਨੂੰ ਤੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਸਮੇਂ ਦੌਰਾਨ ਇਹਨਾਂ ਕਬੀਲਿਆਂ ਦੇ ਅੰਦਰੂਨੀ ਸੰਗਠਨ ਵਿੱਚ ਵਾਪਰੀਆਂ ਤਬਦੀਲੀਆਂ, ਆਪਣੇ ਆਪ ਵਿੱਚ ਅਧਿਐਨ ਦਾ ਵਿਸ਼ਾ ਬਣ ਜਾਂਦੀਆਂ ਹਨ ਜੋ ਕਿ ਸੱਭਿਆਚਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਕਰਕੇ ਇਹਨਾਂ ਕਬੀਲਿਆਂ ਨੂੰ ਸਮਝਣ ਤੋਂ ਬਿਨਾਂ ਪੰਜਾਬੀ ਸੱਭਿਆਚਾਰ ਦੀਆਂ ਅੰਦਰੂਨੀ ਪਰਤਾਂ ਨੂੰ ਸਮਝਣਾ ਬਹੁਤ ਕਠਿਨ ਜਾਪਦਾ ਹੈ।